# ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ

ਪੰਜਾਬ ਸਿੱਖਿਆ ਭਵਨ (ਪੀ.ਐਸ.ਈ.ਬੀ.), ਈ-ਬਲਾਕ, ਪੰਜਵੀਂ ਮੰਜਿਲ,
ਅਜੀਤਗੜ੍ਹ (ਮੋਹਾਲੀ) ਪੰਜਾਬ.
ਫੋਨ ਨੰ. **0172-5212307,**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)

ਮੀਮੋਂ ਨੰ. ਐਮ.ਡੀ.ਐਮ.ਸੀ./ਜੀ.ਐਮ./2013/ 2581-2624
ਮਿਤੀ 23 /07/2013

ਵਿਸ਼ਾ:- ਸਕੂਲਾਂ ਵਿੱਚ ਮਿਡ-ਡੇ-ਮੀਲ ਸਕੀਮ ਦਾ ਅਨਾਜ ਪ੍ਰਾਪਤ ਕਰਨ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਜਾਰੀ ਕੀਤੀਆਂ ਹਦਾਇਤਾਂ ਦੀ ਨਿਰੰਤਰਤਾਂ ਵਿੱਚ ਸਕੂਲਾਂ ਵਿੱਚ ਪਨਸਪ ਦੇ ਅਧਿਕਾਰੀਆਂ/ਠੇਕੇਦਾਰਾਂ ਵੱਲੋਂ ਮਿਡ-ਡੇ-ਮੀਲ ਸਕੀਮ ਦਾ ਅਨਾਜ ਪ੍ਰਾਪਤ ਕਰਨ ਸਮੇਂ ਪੂਰੀ ਚੌਕਸੀ ਵਰਤੀ ਜਾਵੇ। ਸਿਰਫ ਚੰਗੀ ਕੁਆਲਟੀ ਦਾ ਅਨਾਜ ਜਿਸਦਾ ਘੱਟੋ ਘੱਟ ਮਿਆਰ **FAQ** ਹੋਵੇ ਹੀ ਸਕੂਲਾਂ ਵਿੱਚ ਪ੍ਰਾਪਤ ਕੀਤਾ ਜਾਵੇ। ਅਨਾਜ ਪੂਰੀ ਤਰ੍ਹਾਂ ਕੀੜ੍ਹੇ, ਫੰਗਸ ਅਤੇ ਮੋਲਡ ਰਹਿਤ ਅਤੇ ਵਜਨ ਵਿੱਚ ਪੂਰਾ ਹੋਣਾ ਯਕੀਨੀ ਬਣਾਇਆ ਜਾਵੇ।

ਅਨਾਜ ਨੂੰ ਸਕੂਲਾਂ ਵਿੱਚ ਭੇਜਣ ਤੋਂ ਪਹਿਲਾਂ ਭਾਰਤੀ ਖੁਰਾਕ ਨਿਗਮ ਦੇ ਗੋਦਾਮਾਂ ਵਿੱਚ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਦੁਆਰਾ ਬਣਾਈ ਕਮੇਟੀ ਦੇ ਨੁਮਾਇਦਿਆਂ ਦੁਆਰਾ ਪ੍ਰਮਾਣਿਤ ਚੰਗੀ ਕੁਆਲਟੀ ਦਾ ਅਨਾਜ ਹੀ ਸਕੂਲਾਂ ਨੂੰ ਭੇਜਿਆ ਜਾਵੇ।

ਸਕੂਲਾਂ ਦੀ ਚੈਕਿੰਗ ਸਮੇਂ ਅਨਾਜ ਦੀ ਕੁਆਲਟੀ ਵੀ ਚੈਕ ਕੀਤੀ ਜਾਵੇ ਅਤੇ ਕੋਈ ਵੀ ਕਮੀਂ ਧਿਆਨ ਵਿੱਚ ਆਉਣ ਉਪਰੰਤ ਇਸਨੂੰ ਜਿਲ੍ਹੇ ਦੇ ਮਿਡ-ਡੇ-ਮੀਲ ਮੈਨੇਜਰ ਦੇ ਧਿਆਨ ਵਿੱਚ ਲਿਆਂਦਾ ਜਾਵੇ ਤੇ ਪਨਸਪ ਦੇ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਇਸਨੂੰ ਬਦਲਵਾਇਆ ਜਾਵੇ।

ਬਰਸਾਤ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਖਾਣਾ ਪਕਾਉਣ ਵਾਲੇ ਕੁੱਕ-ਕਮ-ਹੈਲਪਰਾਂ ਨੂੰ ਸਖਤ ਹਦਾਇਤ ਕੀਤੀ ਜਾਵੇ ਕਿ ਖਾਣਾ ਪਕਾਉਣ ਤੋਂ ਪਹਿਲਾਂ ਅਨਾਜ ਨੂੰ ਚੰਗੀ ਤਰ੍ਹਾਂ ਸਾਫ਼ ਕੀਤਾ ਜਾਵੇ ਅਤੇ ਕਿਸੇ ਸੂਰਤ ਵਿੱਚ ਵੀ ਮਿਆਰ ਤੋਂ ਘਟੀਆ ਅਨਾਜ ਨੂੰ ਨਾ ਪਕਾਇਆ ਜਾਵੇ।

ਅੰਜਲੀ ਭਾਵੜਾ

ਪ੍ਰਮੁੱਖ ਸਕੱਤਰ ਕਮ
ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ

ਪਿੱ.ਅੰ.ਨੰ. ਐਮ.ਡੀ.ਐਮ.ਸੀ./ਜੀ.ਐਮ./2013/2625-46 ਮਿਤੀ 23 /07/2013

ਉਪਰੋਕਤ ਦਾ ਉਤਾਰਾ ਸਮੂਹ ਜਿਲ੍ਹਾ ਮੈਨੇਜਰ, ਮਿਡ-ਡੇ-ਮੀਲ, ਪੰਜਾਬ ਰਾਜ ਨੂੰ ਇੰਨ-ਬਿੰਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

ਅੰ. ਭਾਵੜਾ

ਪ੍ਰਮੁੱਖ ਸਕੱਤਰ ਕਮ
ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ